NSW GOVERNMENT

**What do I need to know if my child gets a formal caution?**

**Parent/carer information**

# ਜੇ ਮੇਰੇ ਬੱਚੇ ਨੂੰ ਰਸਮੀ ਸਾਵਧਾਨੀ ਮਿਲਦੀ ਹੈ ਤਾਂ ਮੈਨੂੰ ਕੀ ਜਾਣਨ ਦੀ ਲੋੜ ਹੈ?

## ਮਾਪੇ/ਸੰਭਾਲ ਕਰਨ ਵਾਲੇ ਲਈ ਜਾਣਕਾਰੀ

### ਚਿੰਤਾ ਦੇ ਵਿਹਾਰ ਲਈ ਇੱਕ ਰਸਮੀ ਸਾਵਧਾਨੀ ਕੀ ਹੁੰਦੀ ਹੈ?

ਚਿੰਤਾ ਦਾ ਵਿਹਾਰ ਉਹ ਚੀਜ਼ ਹੈ ਜੋ ਕੋਈ ਅਜਿਹਾ ਕਰਦਾ ਹੈ ਜੋ ਆਪਣੇ ਆਪ ਨੂੰ ਜਾਂ ਦੂਜਿਆਂ ਨੂੰ ਨੁਕਸਾਨ ਜਾਂ ਖ਼ਤਰਾ ਪੈਦਾ ਕਰ ਸਕਦਾ ਹੈ ਜਾਂ ਪੈਦਾ ਕੀਤਾ ਹੈ। ਰਸਮੀ ਸਾਵਧਾਨੀ ਵਿਦਿਆਰਥੀ ਨੂੰ ਦੱਸਦੀ ਹੈ ਕਿ ਉਨ੍ਹਾਂ ਦੇ ਵਿਹਾਰ ਨੇ ਆਪਣੇ ਆਪ ਲਈ ਅਤੇ ਹੋਰ ਲੋਕਾਂ ਨੂੰ ਨੁਕਸਾਨ ਜਾਂ ਖ਼ਤਰਾ ਪੈਦਾ ਕੀਤਾ ਹੈ ਜਾਂ ਪੜ੍ਹਾਉਣ ਅਤੇ ਪੜ੍ਹਨ ਸਮੇਂ ਅਸਵੀਕਾਰਯੋਗ ਖ਼ਤਰਾ ਪੈਦਾ ਕਰਦਾ ਹੈ। ਇਹ ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਇਹ ਦੱਸਣ ਲਈ ਤਿਆਰ ਕੀਤਾ ਗਿਆ ਹੈ ਕਿ ਉਨ੍ਹਾਂ ਦੇ ਵਿਹਾਰ ਵਿੱਚ ਸੁਧਾਰ ਕਰਨ ਦੀ ਲੋੜ ਹੈ।

ਇੱਕ ਰਸਮੀ ਸਾਵਧਾਨੀ ਇੱਕ ਪੱਤਰ ਹੈ ਜਿਸ ਵਿੱਚ ਤੁਹਾਡੇ ਬੱਚੇ ਦੇ ਚਿੰਤਾ ਦੇ ਵਿਹਾਰ ਨੂੰ ਦਰਜ ਕੀਤਾ ਗਿਆ ਹੈ। ਤੁਹਾਡੇ ਬੱਚੇ ਨੂੰ ਇਸ ਸਮੇਂ ਮੁਅੱਤਲ ਨਹੀਂ ਕੀਤਾ ਜਾਵੇਗਾ।

### ਜੇਕਰ ਮੇਰੇ ਬੱਚੇ ਨੂੰ ਰਸਮੀ ਸਾਵਧਾਨੀ ਮਿਲਦੀ ਹੈ ਤਾਂ ਕੀ ਹੁੰਦਾ ਹੈ?

ਸਕੂਲ ਚਿੰਤਾ ਦੇ ਵਿਹਾਰ ਬਾਰੇ ਗੱਲਬਾਤ ਕਰੇਗਾ ਅਤੇ ਤੁਹਾਡੇ ਬੱਚੇ ਨੂੰ ਰਸਮੀ ਸਾਵਧਾਨੀ ਬਾਰੇ ਸਮਝਾਏਗਾ। ਪ੍ਰਿੰਸੀਪਲ ਤੁਹਾਨੂੰ ਰਸਮੀ ਸਾਵਧਾਨੀ ਦੀ ਲਿਖਤੀ ਨਕਲ ਵੀ ਪ੍ਰਦਾਨ ਕਰੇਗਾ/ਗੀ।

ਰਸਮੀ ਸਾਵਧਾਨੀ ਦਾ ਉਦੇਸ਼ ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਉਨ੍ਹਾਂ ਦੇ ਵਿਹਾਰ ਦੇ ਪ੍ਰਭਾਵ ਨੂੰ ਸਮਝਣ ਅਤੇ ਸਕਾਰਾਤਮਕ ਵਿਹਾਰ ਸਹਾਇਤਾ ਰਣਨੀਤੀਆਂ ਵਿੱਚ ਸ਼ਾਮਲ ਹੋਣ ਲਈ ਸਹਾਇਤਾ ਯੋਜਨਾ ਵਾਸਤੇ ਸਹਿਮਤ ਹੋਣ ਲਈ ਸਮਾਂ ਦੇਣਾ ਹੈ। ਸਕੂਲ ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਵਿਹਾਰ ਬਾਰੇ ਗੱਲਬਾਤ ਕਰਨ ਅਤੇ ਤੁਹਾਡੇ ਬੱਚੇ ਨੂੰ ਲੋੜੀਂਦੀਆਂ ਸਹਾਇਤਾਵਾਂ ਦੀ ਯੋਜਨਾ ਬਣਾਉਣ ਜਾਂ ਸਮੀਖਿਆ ਕਰਨ ਲਈ ਉਨ੍ਹਾਂ ਨਾਲ ਮਿਲਣ ਦਾ ਮੌਕਾ ਦੇਵੇਗਾ।

ਤੁਸੀਂ ਸਕੂਲ ਨਾਲ ਕਿਸੇ ਵੀ ਮੀਟਿੰਗ ਵਿੱਚ ਆਪਣੇ ਨਾਲ ਕਿਸੇ ਸਹਾਇਕ ਵਿਅਕਤੀ ਨੂੰ ਲਿਆ ਸਕਦੇ ਹੋ।

ਰਸਮੀ ਸਾਵਧਾਨੀ 50 ਸਕੂਲੀ ਦਿਨਾਂ ਤੱਕ ਲਾਗੂ ਰਹਿੰਦੀ ਹੈ। ਇਸ ਸਮੇਂ ਦੌਰਾਨ, ਜੇ ਇਹ ਵਿਹਾਰ ਦੁਬਾਰਾ ਵਾਪਰਦਾ ਹੈ ਜਾਂ ਚਿੰਤਾ ਦੇ ਹੋਰ ਵਿਹਾਰ/ਰਾਂ ਵਾਸਤੇ ਤੁਹਾਡੇ ਬੱਚੇ ਨੂੰ ਮੁਅੱਤਲ ਕੀਤਾ ਜਾ ਸਕਦਾ ਹੈ।

### ਜੇ ਮੇਰੇ ਬੱਚੇ ਨੂੰ ਰਸਮੀ ਸਾਵਧਾਨੀ ਮਿਲਦੀ ਹੈ ਤਾਂ ਮੈਨੂੰ ਕੀ ਕਰਨ ਦਿ ਲੋੜ ਹੈ?

ਲਗਭਗ ਹਰੇਕ ਬੱਚਾ ਕਦੇ- ਕਦੇ ਅਜਿਹੀਆਂ ਗੱਲਾਂ ਕਰੇਗਾ ਜੋ ਸਕੂਲ ਦੇ ਨਿਯਮਾਂ ਜਾਂ ਵਿਦਿਆਰਥੀਆਂ ਲਈ ਵਿਹਾਰ ਕੋਡ ਦੀ ਪਾਲਣਾ ਨਹੀਂ ਕਰਦੇ ਹਨ। ਕਈ ਵਾਰ, ਜਦੋਂ ਅਜਿਹਾ ਹੁੰਦਾ ਹੈ, ਤਾਂ ਇੱਕ ਰਸਮੀ ਸਾਵਧਾਨੀ ਦਿੱਤੀ ਜਾਵੇਗੀ। ਇਸ ਬਾਰੇ ਵਧੇਰੇ ਜਾਣਕਾਰੀ ਜੇਕਰ ਤੁਹਾਡਾ ਬੱਚਾ ਮੁਸੀਬਤ ਵਿੱਚ ਆ ਰਿਹਾ ਹੈ ਤਾਂ ਕੀ ਕਰਨਾ ਹੈ ਵਿੱਚ ਉਪਲਬਧ ਹੈ।

ਜੇਕਰ ਤੁਹਾਡੇ ਬੱਚੇ ਨੂੰ ਰਸਮੀ ਸਾਵਧਾਨੀ ਮਿਲੀ ਹੈ, ਤਾਂ ਇਸ ਦਾ ਮਤਲਬ ਹੈ ਕਿ ਇਹ ਅਜਿਹਾ ਵਿਹਾਰ ਹੈ ਜਿਸ ਵੱਲ ਧਿਆਨ ਦੇਣ ਦੀ ਲੋੜ ਹੈ। ਤੁਹਾਡੇ ਬੱਚੇ ਦੇ ਵਿਹਾਰ ਦਾ ਪ੍ਰਬੰਧ ਅਤੇ ਇਕੱਠੇ ਹੱਲ ਵਿਕਸਿਤ ਕਰਨ ਲਈ ਤੁਹਾਡੀ ਸਕੂਲ ਨਾਲ ਸ਼ਮੂਲੀਅਤ ਬਹੁਤ ਮਹੱਤਵਪੂਰਣ ਹੈ। ਸਕੂਲ ਦੇ ਪ੍ਰਿੰਸੀਪਲ ਨਾਲ ਰਸਮੀ ਸਾਵਧਾਨੀ ਬਾਰੇ ਗੱਲਬਾਤ ਕਰੋ ਅਤੇ ਤੁਹਾਡੇ ਬੱਚੇ ਦਾ ਸਮਰਥਨ ਕਰਨ ਵਾਲੀ ਟੀਮ ਨਾਲ ਕੁਝ ਹੱਲ ਲੱਭਣ ਲਈ ਕੰਮ ਕਰੋ।

### ਜੇਕਰ ਵਿਹਾਰ ਦੁਬਾਰਾ ਵਾਪਰਦਾ ਹੈ ਤਾਂ ਕੀ ਹੋਵੇਗਾ?

ਜੇਕਰ ਮੂਲ ਰਸਮੀ ਸਾਵਧਾਨੀ ਦੇ 50 ਸਕੂਲੀ ਦਿਨਾਂ ਦੇ ਅੰਦਰ ਚਿੰਤਾ ਦਾ ਵਿਹਾਰ ਦੁਬਾਰਾ ਵਾਪਰਦਾ ਹੈ, ਤਾਂ ਪ੍ਰਿੰਸੀਪਲ ਤੁਹਾਡੇ ਬੱਚੇ ਨੂੰ ਮੁਅੱਤਲ ਕਰਨ ਦਾ ਫੈਸਲਾ ਲੈ ਸਕਦਾ ਹੈ। ਤੁਹਾਡੇ ਬੱਚੇ ਨੂੰ ਮੁਅੱਤਲ ਕਰਨ ਦਾ ਫੈਸਲਾ ਪ੍ਰਿੰਸੀਪਲ ਵਿਹਾਰ ਅਤੇ ਤੁਹਾਡੇ ਬੱਚੇ ਅਤੇ ਹੋਰ ਬੱਚਿਆਂ ਦੀਆਂ ਵਿਅਕਤੀਗਤ ਲੋੜਾਂ ਨੂੰ ਵੇਖਣ ਬਾਅਦ ਹੀ ਹੋਵੇਗਾ। ਵਿਦਿਆਰਥੀ ਨੂੰ ਮੁਅੱਤਲ ਕਰਨ ਬਾਰੇ ਜਾਣਕਾਰੀ ਉਪਲਬਧ ਹੈ।

### ਜੇਕਰ ਮੈਨੂੰ ਅਜੇ ਵੀ ਕੋਈ ਚਿੰਤਾਵਾਂ ਹਨ ਤਾਂ ਮੈਂ ਕੀ ਕਰ ਸਕਦਾ/ਸਕਦੀ ਹਾਂ?

ਜੇਕਰ ਤੁਹਾਨੂੰ ਸਕੂਲ ਵਿੱਚ ਆਪਣੇ ਬੱਚੇ ਦੀ ਸਿੱਖਿਆ, ਵਿਹਾਰ ਜਾਂ ਤੰਦਰੁਸਤੀ ਸਬੰਧੀ ਚਿੰਤਾਵਾਂ ਹਨ, ਤਾਂ ਸ਼ੁਰੂਆਤ ਕਰਨ ਲਈ ਸਭ ਤੋਂ ਵਧੀਆ ਥਾਂ ਅਧਿਆਪਕ, ਸਹਾਇਕ ਪ੍ਰਿੰਸੀਪਲ ਜਾਂ ਡਿਪਟੀ ਪ੍ਰਿੰਸੀਪਲ ਨਾਲ ਗੱਲ ਕਰੋ। ਜ਼ਿਆਦਾਤਰ ਮੁੱਦਿਆਂ ਨੂੰ ਉਹਨਾਂ ਲੋਕਾਂ ਨਾਲ ਗੱਲ ਕਰਕੇ ਹੱਲ ਕੀਤਾ ਜਾ ਸਕਦਾ ਹੈ ਜੋ ਕਿ ਤੁਹਾਡੇ ਬੱਚੇ ਅਤੇ ਸਥਿਤੀ ਨੂੰ ਜਾਣਦੇ ਹਨ।

ਕਈ ਵਾਰ ਤੁਹਾਨੂੰ ਕਿਸੇ ਹੋਰ ਨਾਲ ਵੀ ਗੱਲ ਕਰਨ ਦੀ ਲੋੜ ਹੋ ਸਕਦੀ ਹੈ। ਤੁਹਾਡਾ ਸਕੂਲ ਤੁਹਾਨੂੰ ਤੁਹਾਡੇ ਸਥਾਨਕ ਸਿੱਖਿਆ ਦਫਤਰ ਲਈ ਸੰਪਰਕ ਜਾਣਕਾਰੀ ਦੇ ਸਕਦਾ ਹੈ ਜੋ ਕਿ ਸਹਾਇਤਾ ਕਰਨ ਦੇ ਯੋਗ ਹੋ ਸਕਦਾ ਹੈ। ਆਪਣੇ ਬੱਚੇ ਦੇ ਡਾਕਟਰ ਨਾਲ ਗੱਲ ਕਰਨ ਬਾਰੇ ਵੀ ਸੋਚੋ ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਡੀਆਂ ਚਿੰਤਾਵਾਂ ਦੇ ਡਾਕਟਰੀ ਕਾਰਨ ਹੋ ਸਕਦੇ ਹਨ।

ਆਪਣੇ ਬੱਚੇ ਦੀ ਵਕਾਲਤ ਕਰਨ ਬਾਰੇ ਵਧੇਰੇ ਜਾਣਕਾਰੀ ਉਪਲਬਧ ਹੈ, ਅਤੇ ਨਾਲ ਹੀ ਸਕੂਲ ਕਮਿਊਨਿਟੀ ਚਾਰਟਰ ਜੋ ਸਕੂਲਾਂ ਨਾਲ ਸੰਚਾਰ ਕਰਨ ਦੇ ਤਰੀਕਿਆਂ ਬਾਰੇ ਦੱਸਦਾ ਹੈ।

### ਮੈਨੂੰ ਸਕੂਲ ਤੋਂ ਕਿਹੜੀ ਜਾਣਕਾਰੀ ਮਿਲ ਸਕਦੀ ਹੈ?

ਤੁਸੀਂ ਸਕੂਲ ਨੂੰ ਇਸ ਬਾਰੇ ਵਧੇਰੇ ਜਾਣਕਾਰੀ ਵਾਸਤੇ ਪੁੱਛ ਸਕਦੇ ਹੋ ਕਿ ਕੀ ਵਾਪਰਿਆ ਹੈ ਅਤੇ ਕਿਉਂ। ਸਕੂਲ ਨੂੰ ਤੁਹਾਨੂੰ ਕਿਸੇ ਵੀ ਲਏ ਗਏ ਫੈਸਲੇ ਦੇ ਪਿੱਛੇ ਵਰਤੇ ਤਰਕ ਬਾਰੇ ਦੱਸਣਾ ਚਾਹੀਦਾ ਹੈ, ਕਿਹੜੀਆਂ ਕਾਰਵਾਈਆਂ ਕੀਤੀਆਂ ਜਾਣਗੀਆਂ ਅਤੇ ਜੇ ਤੁਹਾਨੂੰ ਕੋਈ ਸਮੱਸਿਆ ਹੈ ਤਾਂ ਕੀ ਕਰਨਾ ਹੈ।

### ਟੈਲੀਫੋਨ ਦੁਭਾਸ਼ੀਆ ਸੇਵਾ

ਜੈ ਤੁਸੀਂ ਸਕੂਲ ਨਾਲ ਸੰਪਰਕ ਕਰਨਾ ਚਾਹੋ ਅਤੇ ਤੁਹਾਨੂੰ ਅੰਗਰੇਜ਼ੀ ਵਿੱਚ ਸਹਾਇਤਾ ਚਾਹੀਦੀ ਹੈ ਤਾਂ ਕਿਰਪਾ ਕਰਕੇ 131 450 'ਤੇ ਟੈਲੀਫੋਨ ਦੁਭਾਸ਼ੀਆ ਸੇਵਾ ਨੂੰ ਫ਼ੋਨ ਕਰਕੇ ਦੱਸੋ ਕਿ ਤੁਹਾਨੂੰ ਕਿਹੜੀ ਭਾਸ਼ਾ ਵਿੱਚ ਸਹਾਇਤਾ ਚਾਹੀਦੀ ਹੈ ਅਤੇ ਅਪਰੇਟਰ ਨੂੰ ਕਹੋ ਕਿ ਉਹ ਸਕੂਲ ਨੂੰ ਫ਼ੋਨ ਕਰੇ। ਅਪਰੇਟਰ ਇੱਕ ਦੁਭਾਸ਼ੀਏ ਨੂੰ ਤੁਹਾਡੀ ਗੱਲ ਬਾਤ ਵਿੱਚ ਸਹਾਇਤਾ ਕਰਨ ਲਈ ਲਾਈਨ 'ਤੇ ਲਿਆਵੇਗਾ/ਲਿਆਵੇਗੀ। ਤੁਹਾਨੂੰ ਇਸ ਸੇਵਾ ਲਈ ਕੋਈ ਵੀ ਫ਼ੀਸ ਨਹੀਂ ਦੇਣੀ ਪਵੇਗੀ।